BRAMPTON Service and Information Update

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਟ੍ਰਾਂਜ਼ਿਟ ਦੇ ਪ੍ਰਮਾਣਿਤ COVID-19 ਕੇਸ ਬਾਰੇ ਸਿਟੀ ਆਫ ਬ੍ਰੈਂਪਟਨ ਦਾ ਬਿਆਨ

ਮੰਗਲਵਾਰ, 24 ਮਾਰਚ 2020

ਸੋਮਵਾਰ, 23 ਮਾਰਚ ਨੂੰ, ਸਿਟੀ ਆਫ ਬ੍ਰੈਂਪਟਨ ਨੂੰ ਸੂਚਨਾ ਦਿੱਤੀ ਗਈ ਸੀ ਕਿ ਸਾਡੀ ਕਲਾਰਕ (Clark) ਫੈਸੀਲਿਟੀ ਦੇ ਇੱਕ ਟ੍ਰਾਂਜ਼ਿਟ ਓਪਰੇਟਰ (Transit Operator) ਦੀ COVID-19 (ਸੀ.ਓ.ਵੀ.ਆਈ.ਡੀ.-19) ਦੀ ਜਾਂਚ ਪਾਜਿਟਿਵ ਆਈ ਹੈ। ਇਹ ਬ੍ਰੈਂਪਟਨ ਟ੍ਰਾਂਜ਼ਿਟ ਦਾ ਪਹਿਲਾ ਪ੍ਰਮਾਣਿਤ ਕੇਸ ਹੈ।

ਸਾਡੀ ਟੀਮ ਇਸ ਓਪਰੇਟਰ ਦੇ ਸੰਪਰਕ ਵਿੱਚ ਹੈ, ਜੋ ਇਸ ਵੇਲੇ ਘਰ ਵਿੱਚ ਵੱਖਰਾ ਰਹਿ ਰਿਹਾ ਹੈ।

ਇਸ ਸਮੇਂ, ਸਿਟੀ ਦੀ ਸਭ ਤੋਂ ਵੱਡੀ ਤਰਜੀਹ, ਪ੍ਰਭਾਵਿਤ ਵਿਅਕਤੀ ਅਤੇ ਉਸਦੇ ਪਰਿਵਾਰ ਨੂੰ ਸਹਿਯੋਗ ਪ੍ਰਦਾਨ ਕਰਨਾ ਅਤੇ ਸਾਡੇ ਕਰਮਚਾਰੀਆਂ ਅਤੇ ਭਾਈਚਾਰੇ ਦੀ ਸੁਰੱਖਿਆ ਅਤੇ ਸਿਹਤ ਨੂੰ ਕਾਇਮ ਰੱਖਣ ਵਿੱਚ ਲਗਾਤਾਰ ਮਦਦ ਕਰਨਾ ਹੈ।

ਜਿਵੇਂ ਹੀ ਸਿਟੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ, ਸਟਾਫ਼ ਨੇ ਤੁਰੰਤ ਪੀਲ ਪਬਲਿਕ ਹੈਲਥ (Peel Public Health) ਨੂੰ ਸੰਪਰਕ ਕੀਤਾ ਅਤੇ ਉਦੋਂ ਤੋਂ ਹੀ ਉਹਨਾਂ ਦੇ ਸੰਪਰਕ ਵਿੱਚ ਹੈ। ਪਬਲਿਕ ਹੈਲਥ ਉਹਨਾਂ ਕਰਮਚਾਰੀਆਂ ਨੂੰ ਸਿੱਧੇ ਸੰਪਰਕ ਕਰ ਰਹੀ ਹੈ, ਜੋ ਇਸ ਓਪਰੇਟਰ ਦੇ ਨੇੜਲੇ ਸੰਪਰਕ ਵਿੱਚ ਆਏ ਹਨ। ਜਿਹਨਾਂ ਕਰਮਚਾਰੀਆਂ ਨੂੰ ਸੰਪਰਕ ਕੀਤਾ ਗਿਆ ਹੈ, ਉਹਨਾਂ ਨੂੰ 14 ਦਿਨਾਂ ਤੱਕ ਖੁਦ ਨੂੰ ਦੂਜਿਆਂ ਤੋਂ ਵੱਖਰਾ ਰੱਖਣ ਅਤੇ ਲੱਛਣਾਂ ਦੇ ਨਿਰੀਖਣ ਲਈ ਨਿਰਦੇਸ਼ਾਂ ਸਮੇਤ, ਪਬਲਿਕ ਹੈਲਥ ਵੱਲੋਂ ਅਗਲੇ ਕਦਮਾਂ ਬਾਰੇ ਸਲਾਹ ਦਿੱਤੀ ਜਾਵੇਗੀ। ਪੀਲ ਪਬਲਿਕ ਹੈਲਥ ਸੂਚਿਤ ਕਰਦਾ ਹੈ ਕਿ ਟ੍ਰਾਂਜ਼ਿਟ ਬੱਸ ਤੇ ਸਵਾਰੀਆਂ ਨੂੰ ਬੱਸ ਓਨਾ ਹੀ ਜੋਖਮ ਹੈ, ਜਿੰਨਾ ਆਮ ਭਾਈਚਾਰੇ ਵਿੱਚ ਹੋਣ ਤੋਂ ਹੈ। ਇਸਦੇ ਇਲਾਵਾ ਉਹਨਾਂ ਨੂੰ ਕੋਈ ਵਾਧੂ ਜੋਖਮ ਨਹੀਂ ਹੈ।

ਇਸ ਵੇਲੇ, ਇਹ ਪਛਾਣ ਕੀਤੀ ਗਈ ਹੈ ਕਿ ਉਸ ਓਪਰੇਟਰ ਨੇ 10, 11, 12 ਅਤੇ 13 ਮਾਰਚ ਨੂੰ ਇਹਨਾਂ ਰੂਟਾਂ ਤੇ ਕੰਮ ਕੀਤਾ ਸੀ:
- 11 ਸਟੀਲਸ (11 Steeles)
- 51 ਹੈਰਫੋਰਡ (51 Hereford)
- 53 ਰੇ ਲਾੱਸਨ (53 Ray Lawson)
- 57 ਸ਼ੈਰੋਲੇਸ (57 Charolais)

ਪੀਲ ਪਬਲਿਕ ਹੈਲਥ ਅਤੇ ਸਿਟੀ ਆਫ ਬ੍ਰੈਂਪਟਨ ਵਿਸਤ੍ਰਿਤ ਸਮਾਂ ਸੂਚੀ ਨੂੰ ਪੂਰੀ ਤਰ੍ਹਾਂ ਸਮਝਣ ਲਈ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਜਿਹਨਾਂ ਲੋਕਾਂ ਨੇ ਉਪਰੋਕਤ ਦਿਨਾਂ ਨੂੰ ਬੱਸਾਂ ਤੇ ਸਫ਼ਰ ਕੀਤਾ, ਜੇਕਰ ਉਹਨਾਂ ਨੂੰ ਕੋਈ ਲੱਛਣ ਨਹੀਂ ਹਨ ਅਤੇ ਉਹ ਬਿਲਕੁੱਲ ਠੀਕ ਹਨ, ਤਾਂ ਉਹ ਆਪਣੇ ਰੋਜ਼ਾਨਾ ਦੇ ਨਿੱਤਨੇਮ ਨੂੰ ਜਾਰੀ ਰੱਖ ਸਕਦੇ ਹਨ। ਉਹ ਪਬਲਿਕ ਹੈਲਥ ਨੂੰ ਫੋਨ ਨਾ ਕਰਨ। ਜੇਕਰ ਤੁਹਾਨੂੰ ਕੋਈ ਲੱਛਣ ਪੈਦਾ ਹੁੰਦੇ ਹਨ, ਤਾਂ ਕਿਰਪਾ ਕਰਕੇ ਪੀਲ ਪਬਲਿਕ ਹੈਲਥ ਨੂੰ ਫੋਨ ਕਰੋ। ਜੇਕਰ ਤੁਹਾਨੂੰ ਐਮਰਜੈਂਸੀ ਡਾਕਟਰੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 911 ਤੇ ਫੋਨ ਕਰੋ।

ਸਿਟੀ ਭਾਈਚਾਰੇ ਨੂੰ ਯਕੀਨ ਦਵਾਉਂਦੀ ਹੈ ਕਿ ਸਾਡੇ ਕਰਮਚਾਰੀਆਂ, ਸਵਾਰੀਆਂ ਅਤੇ ਭਾਈਚਾਰਿਆਂ ਦੀ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਮਦਦ ਕਰਨ ਦੀ ਹਰ ਸੰਭਵ ਕੋਸ਼ਿਸ਼ ਜਾਰੀ ਰੱਖੀ ਜਾਵੇਗੀ।

ਵੱਧ ਵਾਰ ਸਫਾਈ ਅਤੇ ਰੋਗਾਣੂ ਮੁਕਤ ਕਰਨ ਦੀ ਸਮਾਂ ਸਾਰਨੀ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗੀ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਸਮੇਂ, ਅਸੀਂ ਹਰ 24 ਘੰਟਿਆਂ ਵਿੱਚ ਇਹਨਾਂ ਨੂੰ ਰੋਗਾਣੂ ਮੁਕਤ ਕਰ ਰਹੇ ਹਾਂ। ਫੈਸਿਲਿਟੀਜ ਅਤੇ ਟਰਮੀਨਲਾਂ ਦੇ ਲੰਚਰੂਮਸ, ਮੇਜਾਂ, ਕਾਊਂਟਰਸ ਅਤੇ ਦਰਵਾਜਿਆਂ ਦੇ ਹੈਂਡਲਾਂ ਦੀ ਦਿਨ ਵਿੱਚ ਦੋ ਵਾਰ ਸਫਾਈ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਰੋਗਾਣੂ ਮੁਕਤ ਕੀਤਾ ਜਾਂਦਾ ਹੈ।

ਓਪਰੇਟਰਾਂ ਅਤੇ ਸਵਾਰੀਆਂ ਲਈ ਸਮਾਜਿਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ:

- ਬੱਸਾਂ ਵਿੱਚ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲਈਆਂ ਜਾ ਰਹੀਆਂ ਹਨ।
- ਪਿਛਲੇ ਦਰਵਾਜੇ ਤੋਂ ਬੱਸ ਤੇ ਚੜ੍ਹਨਾ ਅਤੇ ਮੁਫ਼ਤ ਕਿਰਾਇਆ ਲਾਗੂ ਹੈ। ਇਸਤੋਂ ਇਲਾਵਾ, ਅਸੀਂ ਓਪਰੇਟਰਾਂ ਅਤੇ ਸਵਾਰੀਆਂ ਵਿਚਕਾਰ ਖਾਲੀ ਥਾਂ ਰੱਖਣ ਲਈ ਪਲਾਸਟਿਕ ਚੇਨ ਵਰਗੇ ਬੈਰੀਅਰ ਲਗਾ ਰਹੇ ਹਾਂ। ਮੋਬਿਲਿਟੀ ਡਿਵਾਈਸਾਂ ਵਾਲੀਆਂ ਸਵਾਰੀਆਂ ਨੂੰ ਅਗਲੇ ਦਰਵਾਜਿਆਂ ਤੋਂ ਚੜ੍ਹਨ ਦੀ ਇਜਾਜ਼ਤ ਦਿੱਤੀ ਗਈ ਹੈ।
- ਵੱਧ ਰੁੱਝੇ ਹੋਏ ਰੂਟਾਂ ਤੇ, ਆਰਟੀਕੁਲੇਟਿਡ (ਵੱਖਰੇ ਹਿੱਸਿਆਂ ਵਾਲੀਆਂ) ਬੱਸਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਤਾਂ ਜੋ ਯਾਤਰੀਆਂ ਦੇ ਵਿੱਚ ਸਮਾਜਿਕ ਦੂਰੀ ਨੂੰ ਕਾਇਮ ਰੱਖਣ ਲਈ ਸਹਾਇਤਾ ਕੀਤੀ ਜਾਵੇ।
- ਸੀਟਾਂ ਦੀ ਪਛਾਣ ਪੀਲੀ ਟੇਪ ਨਾਲ ਕੀਤੀ ਜਾ ਸਕਦੀ ਹੈ। ਸਵਾਰੀਆਂ ਨੂੰ ਇਹਨਾਂ ਸੀਟਾਂ ਤੇ ਨਾ ਬੈਠਣ ਦੀ ਬੇਨਤੀ ਕੀਤੀ ਜਾਂਦੀ ਹੈ।

ਸਿਟੀ, ਪੀਲ ਪਬਲਿਕ ਹੈਲਥ ਵਿਖੇ ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਲਗਾਤਾਰ ਕੰਮ ਕਰ ਰਹੀ ਹੈ। ਉਹਨਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਨਵੀਂ ਜਾਣਕਾਰੀ ਉਪਲਬਧ ਹੁੰਦੇ ਹੀ ਤੁਹਾਨੂੰ ਦਿੱਤੀ ਜਾਵੇਗੀ।

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca